**Written Test for the Post of: Clerk Legal (Advt. No. 03 of 2021)**

# Candidate Activity Flow Chart and OMR Sheet Instructions

**Date of Test: 11th July 2021**

**Reporting Time: 9 AM**

## ACTIVITY FLOW CHART

| | |
|---|---|
| STEP: 1 | Reach the Written Test Venue at Chandigarh as per **reporting time** and approach the Center No. (location) as per your Admit Card. |
| STEP: 2 | Look for **Displayed SEATING PLAN** and Search your **ROLL NO** to locate your allotted Room No in allotted Centre No. |
| STEP: 3 | Go through Frisking, and COVID-19 Check Point at your Centre No. |
| STEP: 4 | Next, wait your turn for contactless Biometric attendance and hologram stamping on your admit card. |
| STEP: 5 | Move to your allocated Room Number for written Test. |
| STEP: 6 | Locate your seating ROW from the Detailed plan displayed outside the Room |
| STEP: 7 | Report your presence to the Deputy Superintendent |
| STEP: 8 | At 10:50 AM read instructions from the question booklet WITHOUT breaking the seal. |
| STEP: 9 | At 11:00 AM break the seal and start the exam. |
| STEP: 10 | At 12:30 PM handover OMR sheet and Admit Card to the Deputy Superintendent. |

## OMR SHEET INSTRUCTIONS

1. Total number of questions is 100. Each question carries *one* mark. **There is one fourth negative marking for wrong answer i.e. -0.25.**
2. **Question booklet has question paper in English language along with its translation in Punjabi.**
3. On the OMR Response Sheet fill the Roll Number by shading circles. Also write Roll Number in figures and words at the appropriate space provided.
4. Ensure that Question Booklet is complete and contains questions in proper sequence.
5. Ensure that the 4 digit code no. on question booklet matches with the code no. on your answer sheet. In case of any discrepancy, inform the Center Superintendent before attempting any question.

**6.** How to attempt questions with correct way on OMR response sheet

(a) There are four options (A), (B), (C) and (D) specified against each question. Out of these only one is correct.

(b) In the OMR sheet provided, there are four circles against each question marked (A), (B), (C) and (D).

(c) One and only one of the four circles is to be fully shaded by the candidate for marking the correct response. Shading of more than one circle will be treated as wrong answer.

(d) Candidate should shade the circle carefully and it should not touch other circles.

**7.** Candidate should only use the pen provided in the Examination Hall to shade the circle. Shading the circle with lead pencil or any other pen will lead to cancellation of the candidate's OMR Response Sheet.

**8.** Candidate must sign only in the space provided for this purpose.

**9.** Rough work should only be done on the sheet provided at the end of the booklet.

**10.** Carrying and use of manual/electronic calculators, pages, Bluetooth and mobile/cellular phones is strictly prohibited inside the Examination Hall.

**11.** If a candidate makes any identification mark or writes his/her Roll No. on the Question Booklet/OMR Response Sheet (except in the space provided for it), his/her OMR Response Sheet will be cancelled.

**12.** OMR Response Sheet is not to be folded or mutilated.

**13.** At the end of the test, only OMR Sheet should be handed over to the Deputy Superintendent.

**14.** Any indiscipline will lead to the cancellation of the candidature and the decision of the Center Superintendent will be final.

**15.** How to shade a circle:

**Correct**



**Incorrect**



**ਕਲਰਕ ਲੀਗਲ (ਇਸ਼ਤਿਹਾਰ ਨੰ: 2021 ਦਾ 03) ਦੀ ਪੋਸਟ ਲਈ ਲਿਖਤੀ ਟੈਸਟ**
**ਉਮੀਦਵਾਰ ਲਈ ਕਾਰਜ-ਵਿਧੀ ਓ.ਐੱਮ.ਆਰ. ਸ਼ੀਟ ਸੰਬੰਧੀ ਹਦਾਇਤਾਂ**

**ਟੈਸਟ ਦੀ ਮਿਤੀ : 11 ਜੁਲਾਈ 2021**
**ਰਿਪੋਰਟ ਕਰਨ ਦਾ ਸਮਾਂ : 9 AM**

**ਕਾਰਜ-ਵਿਧੀ ਰੂਪ-ਰੇਖਾ**

| | |
|---|---|
| ਪਹਿਲਾ ਕਦਮ | ਚੰਡੀਗੜ੍ਹ ਵਿਖੇ ਆਪਣੇ ਰਿਪੋਰਟਿੰਗ ਸਮੇਂ ਮਤਾਬਕ ਪਹੁੰਚ ਕੇ ਤੁਹਾਡੇ ਦਾਖਲਾ ਕਾਰਡ ਉੱਤੇ ਦਿੱਤੇ ਗਏ ਸੈਂਟਰ ਨੰ: ਵਾਲੇ ਸਥਾਨ ਉੱਤੇ ਪਹੁੰਚੋ। |
| ਦੂਸਰਾ ਕਦਮ | ਉੱਥੇ ਲੱਗੀ ਹੋਈ ਸੀਟਿੰਗ-ਪਲੈਨ ਨੂੰ ਦੇਖੋ ਅਤੇ ਤੁਹਾਨੂੰ ਅਲਾਟ ਹੋਏ ਸੈਂਟਰ ਨੰ: ਵਿੱਚ ਆਪਣੇ ਕਮਰੇ ਨੂੰ ਲੱਭਣ ਲਈ ਸੀਟਿੰਗ ਪਲੈਨ ਵਿੱਚ ਆਪਣੇ ਰੋਲ ਨੰ: ਨੂੰ ਲੱਭੋ। |
| ਤੀਸਰਾ ਕਦਮ | ਇਸ ਉਪਰੰਤ ਤਲਾਸ਼ੀ/ਚੈੱਕਿੰਗ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਦੇ ਹੋਏ ਆਪਣੇ ਸੈਂਟਰ ਨੰ: ਵਿਖੇ ਕੋਵਿਡ-19 ਦੇ ਚੈੱਕ ਪੁਆਇੰਟ ਉੱਤੇ ਪਹੁੰਚੋ। |
| ਚੌਥਾ ਕਦਮ | ਅੱਗੇ ਆਪਣੀ ਸਪਰਸ਼ ਰਹਿਤ ਬਾਇਓਮੀਟ੍ਰਿਕ ਅਟੈਂਡੈਂਸ ਅਤੇ ਆਪਣੇ ਦਾਖਲਾ ਕਾਰਡ ਉੱਤੇ ਹੋਲੋਗ੍ਰਾਮ ਸਟੈਂਪਿੰਗ ਲਈ ਆਪਣੀ ਵਾਰੀ ਦੀ ਉਡੀਕ ਕਰੋ। |
| ਪੰਜਵਾਂ ਕਦਮ | ਇਸ ਸਾਰੀਆਂ ਕਾਰਵਾਈਆਂ ਨਿਪਟਾਉਣ ਉਪਰੰਤ ਲਿਖਤੀ ਟੈਸਟ ਲਈ ਆਪਣੇ ਅਲਾਟ ਹੋਏ ਕਮਰਾ ਨੰ: ਤੱਕ ਪਹੁੰਚੋ। |
| ਛੇਵਾਂ ਕਦਮ | ਕਮਰੇ ਦੇ ਬਾਹਰ ਲੱਗੀ ਹੋਈ ਵਿਸਤ੍ਰਿਤ ਸੀਟਿੰਗ-ਪਲੈਨ ਵਿੱਚ ਆਪਣੀ ਸੀਟ ਵਾਲੀ ਕਤਾਰ ਨੂੰ ਲੱਭੋ। |
| ਸੱਤਵਾਂ ਕਦਮ | ਆਪਣੇ ਕਮਰੇ ਵਿੱਚ ਡਿਊਟੀ ਉੱਤੇ ਤਾਇਨਾਤ ਡਿਪਟੀ ਸੁਪਰਡੈਂਟ ਨੂੰ ਆਪਣੇ ਹਾਜ਼ਰ ਹੋਣ ਦੀ ਰਿਪੋਰਟ ਦਿਓ। |
| ਅੱਠਵਾਂ ਕਦਮ | 10.50 AM ਉੱਤੇ ਆਪਣੀ ਪ੍ਰਸ਼ਨ-ਪੱਤਰੀ ਦੀ ਸੀਲ ਨੂੰ ਤੋੜੇ ਬਿਨਾਂ ਉੱਪਰ ਦਿੱਤੀਆਂ ਹੋਈਆਂ ਹਦਾਇਤਾਂ ਨੂੰ ਪੜ੍ਹੋ। |
| ਨੌਵਾਂ ਕਦਮ | 11.00 AM ਉੱਤੇ ਪ੍ਰਸ਼ਨ-ਪੱਤਰੀ ਦੀ ਸੀਲ ਨੂੰ ਤੋੜੋ ਅਤੇ ਪੇਪਰ ਹੱਲ ਕਰਨਾ ਸ਼ੁਰੂ ਕਰੋ। |
| ਦਸਵਾਂ ਕਦਮ | 12.30 PM ਉੱਤੇ ਆਪਣੀ **OMR ਸ਼ੀਟ ਅਤੇ ਦਾਖਲਾ ਕਾਰਡ** ਡਿਪਟੀ ਸੁਪਰਡੈਂਟ ਨੂੰ ਸੌਂਪ ਦਿਓ। |

## OMR ਸ਼ੀਟ ਸੰਬੰਧੀ ਹਦਾਇਤਾਂ

1. ਪ੍ਰਸ਼ਨਾਂ ਦੀ ਕੁੱਲ ਗਿਣਤੀ 100 ਹੈ। ਹਰ ਪ੍ਰਸ਼ਨ 1 ਨੰਬਰ ਦਾ ਹੋਵੇਗਾ। ਗ਼ਲਤ ਉੱਤਰ ਲਈ ¼ ਨੰਬਰ ਕੱਟਿਆ ਜਾਵੇਗਾ ਭਾਵ ਹਰ ਗ਼ਲਤ ਉੱਤਰ ਲਈ 0.25 ਨੰਬਰਾਂ ਦੀ ਨੈਗੇਟਿਵ ਮਾਰਕਿੰਗ ਹੋਵੇਗੀ।

2. ਪ੍ਰਸ਼ਨ-ਪੱਤ੍ਰਿਕਾ ਵਿੱਚ ਪ੍ਰਸ਼ਨ-ਪੱਤਰ ਅੰਗਰੇਜ਼ੀ ਅਤੇ ਪੰਜਾਬੀ ਦੋਨੋ ਭਾਸ਼ਾਵਾਂ ਵਿੱਚ ਹੋਵੇਗਾ।

3. OMR ਰਿਸਪਾਂਸ ਸ਼ੀਟ ਉੱਤੇ ਗੋਲ਼ਿਆਂ ਨੂੰ ਭਰਦੇ ਹੋਏ ਆਪਣਾ ਰੋਲ ਨੰਬਰ ਭਰੋ। ਇਸ ਦੇ ਨਾਲ ਹੀ ਦਿੱਤੀ ਹੋਈ ਜਗ੍ਹਾ ਉੱਤੇ ਅੰਕਾਂ ਅਤੇ ਸ਼ਬਦਾਂ ਵਿੱਚ ਆਪਣਾ ਰੋਲ ਨੰਬਰ ਲਿਖੋ।

4. ਇਹ ਸੁਨਿਸ਼ਚਤ ਕਰੋ ਕਿ ਤੁਹਾਡੀ ਪ੍ਰਸ਼ਨ-ਪੱਤ੍ਰਿਕਾ ਪੂਰੀ ਹੈ ਅਤੇ ਇਸ ਵਿਚਲੇ ਪ੍ਰਸ਼ਨ ਸਹੀ ਕ੍ਰਮ ਵਿੱਚ ਹਨ।

5. ਇਹ ਵੀ ਸੁਨਿਸ਼ਚਤ ਕਰੋ ਕਿ ਤੁਹਾਡੀ ਪ੍ਰਸ਼ਨ-ਪੱਤ੍ਰਿਕਾ ਉੱਪਰਲਾ 4 ਅੰਕਾਂ ਦਾ ਕੋਡ ਤੁਹਾਡੀ ਉੱਤਰ-ਪੱਤਰੀ ਉੱਪਰਲੇ 4 ਅੰਕਾਂ ਦੇ ਕੋਡ ਨਾਲ ਮੇਲ ਖਾਂਦਾ ਹੈ। ਕਿਸੇ ਵੀ ਕਿਸਮ ਦੀ ਅਸੰਗਤੀ ਦੀ ਸੂਰਤ ਵਿੱਚ ਪ੍ਰਸ਼ਨ ਹੱਲ ਕਰਨ ਤੋਂ ਪਹਿਲਾਂ ਸੈਂਟਰ ਸੁਪਰਡੈਂਟ ਨੂੰ ਸੂਚਿਤ ਕਰੋ।

6. a.) ਹਰ ਪ੍ਰਸ਼ਨ ਲਈ (A), (B), (C) ਅਤੇ (D) ਚਾਰ ਵਿਕਲਪ ਦਿੱਤੇ ਗਏ ਹਨ, ਜਿਨ੍ਹਾਂ ਵਿੱਤੋਂ ਸਿਰਫ਼ ਇੱਕ ਸਹੀ ਹੈ।

   b.) ਦਿੱਤੀ ਗਈ OMR ਸ਼ੀਟ ਉੱਤੇ ਹਰ ਪ੍ਰਸ਼ਨ ਲਈ (A), (B), (C) ਅਤੇ (D) ਨਾਵਾਂ ਵਾਲੇ ਚਾਰ ਗੋਲ਼ੇ ਦਿੱਤੇ ਗਏ ਹਨ।

   c.) ਸਹੀ ਉੱਤਰ ਦੇਣ ਲਈ ਉਮੀਦਵਾਰ ਦੁਆਰਾ ਦਿੱਤੇ ਗਏ ਚਾਰ ਗੋਲ਼ਿਆਂ ਵਿੱਚੋਂ ਸਿਰਫ਼ ਅਤੇ ਸਿਰਫ਼ ਇੱਕ ਨੂੰ ਹੀ ਪੂਰੀ ਤਰ੍ਹਾਂ ਭਰਿਆ ਜਾਵੇਗਾ। ਇੱਕ ਤੋਂ ਵਧੇਰੇ ਗੋਲ਼ੇ ਭਰੇ ਹੋਣ ਦੀ ਸੂਰਤ ਵਿੱਚ ਉੱਤਰ ਗ਼ਲਤ ਮੰਨਿਆ ਜਾਵੇਗਾ।

   d.) ਉਮੀਦਵਾਰ ਗੋਲ਼ੇ ਨੂੰ ਬਹੁਤ ਧਿਆਨ ਨਾਲ ਭਰੇਗਾ ਅਤੇ ਗੋਲ਼ੇ ਨੂੰ ਭਰਦਿਆਂ ਉਹ ਕਿਸੇ ਦੂਜੇ ਗੋਲ਼ੇ ਨੂੰ ਸਪਰਸ਼ ਨਹੀਂ ਕਰੇਗਾ।

7. ਉਮੀਦਵਾਰ ਪ੍ਰੀਖਿਆ ਹਾਲ ਵਿੱਚ ਉਸ ਨੂੰ ਮੁਹੱਈਆ ਕਰਵਾਏ ਗਏ ਪੈੱਨ ਨਾਲ ਹੀ ਗੋਲ਼ਿਆਂ ਨੂੰ ਭਰੇਗਾ। ਲੈੱਡ ਪੈਨਸਿਲ ਜਾਂ ਕਿਸੇ ਵੀ ਹੋਰ ਪੈੱਨ ਨਾਲ ਗੋਲ਼ੇ ਭਰਨ ਨਾਲ ਉਸਦੀ OMR ਰਿਸਪਾਂਸ ਸ਼ੀਟ ਰੱਦ ਹੋ ਜਾਵੇਗੀ।

8. ਉਮੀਦਵਾਰ ਹਸਤਾਖ਼ਰ ਲਈ ਰਾਖਵੀਂ ਜਗ੍ਹਾ ਉੱਤੇ ਹੀ ਆਪਣੇ ਹਸਤਾਖਰ ਕਰੇਗਾ।

9. ਉਮੀਦਵਾਰ ਆਪਣਾ ਰਫ਼ ਕੰਮ ਪ੍ਰਸ਼ਨ-ਪੱਤ੍ਰਿਕਾ ਦੇ ਅੰਤ ਵਿੱਚ ਇਸ ਮੰਤਵ ਲਈ ਮੁਹੱਈਆ ਕਰਵਾਈ ਗਈ ਸ਼ੀਟ ਉੱਤੇ ਹੀ ਕਰੇਗਾ।

10. ਪ੍ਰੀਖਿਆ ਹਾਲ ਦੇ ਅੰਦਰ ਮੈਨੂਅਲ/ਇਲੈੱਕਟ੍ਰਾਨਿਕ ਕੈਲਕੂਲੇਟਰ, ਕਿਸੇ ਵੀ ਕਿਸਮ ਦੇ ਪਰਚੇ, ਬਲਿਊਟੁੱਥ ਅਤੇ ਮੋਬਾਇਲ/ਸੈਲੂਲਰ ਫੋਨ ਆਪਣੇ ਨਾਲ ਲਿਜਾਣ ਅਤੇ ਵਰਤਣ ਦੀ ਸਖ਼ਤ ਮਨਾਹੀ ਹੈ।

11. ਜੇਕਰ ਕੋਈ ਉਮੀਦਵਾਰ ਆਪਣੀ ਪ੍ਰਸ਼ਨ-ਪੱਤ੍ਰਿਕਾ/OMR ਰਿਸਪਾਂਸ ਸ਼ੀਟ ਉੱਤੇ ਆਪਣਾ ਰੋਲ ਨੰਬਰ (ਇਸ ਮੰਤਵ ਲਈ ਮੁਹੱਈਆ ਕਰਵਾਈ ਜਗ੍ਹਾ ਤੋਂ ਬਿਨਾਂ)ਲਿਖਦਾ ਜਾਂ ਹੋਰ ਕਿਸੇ ਵੀ ਕਿਸਮ ਦਾ ਸ਼ਨਾਖਤੀ ਨਿਸ਼ਾਨ ਲਗਾਉਂਦਾ ਹੈ ਤਾਂ ਉਸ ਦੀ ਰਿਸਪਾਂਸ ਸ਼ੀਟ ਰੱਦ ਕਰ ਦਿੱਤੀ ਜਾਵੇਗੀ।

12. OMR ਰਿਸਪਾਂਸ ਸ਼ੀਟ ਮੁੜੀ ਹੋਈ ਜਾਂ ਫਟੀ ਹੋਈ ਨਹੀਂ ਹੋਣੀ ਚਾਹੀਦੀ।

13. ਟੈਸਟ ਖਤਮ ਹੋਣ ਉੱਤੇ ਸਿਰਫ਼ OMR ਸ਼ੀਟ ਹੀ ਡਿਪਟੀ ਸੁਪਰਡੈਂਟ ਨੂੰ ਸੌਂਪਣੀ ਹੈ।

14. ਉਮੀਦਵਾਰ ਦੁਆਰਾ ਕੀਤੀ ਗਈ ਕਿਸੇ ਵੀ ਕਿਸਮ ਦੀ ਅਨੁਸ਼ਾਸਨਹੀਣਤਾ ਲਈ ਉਸ ਦੀ ਟੈਸਟ ਲਈ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਸੰਬੰਧ ਵਿੱਚ ਸੈਂਟਰ ਸੁਪਰਡੈਂਟ ਦਾ ਫ਼ੈਸਲਾ ਆਖਰੀ ਹੋਵੇਗਾ।

15 ਗੋਲ਼ੇ ਨੂੰ ਭਰਨ ਦਾ ਤਰੀਕਾ:

ਸਹੀ




ਗ਼ਲਤ

